Virtual Schools

ਫਰਵਰੀ 2021

## ਟੀਡੀਐਸਬੀ ਵਰਚੂਅਲ ਸੈਕੰਡਰੀ ਸਕੂਲ ਫੈਮਲੀ ਨਿਊਜ਼ਲੈਟਰ

ਜਿਵੇਂ ਅਸੀਂ ਸਾਰੇ ਇਸ ਚੁਨੌਤੀਜਨਕ ਸਮੇਂ ਵਿੱਚੋਂ ਲੰਘਣਾ ਜਾਰੀ ਰੱਖਦੇ ਹਾਂ, ਅਸੀਂ ਉਮੀਦ ਕਰਦੇ ਹਾਂ ਕਿ ਸਾਰਿਆਂ ਨੇ ਫੈਮਲੀ ਡੇ ਲੌਂਗ ਵੀਕਐਂਡ ਦਾ ਆਨੰਦ ਮਾਣਿਆ ਅਤੇ ਉਨ੍ਹਾਂ ਨੂੰ ਆਰਾਮ ਕਰਨ ਅਤੇ ਕੁਝ ਸਮਾਂ ਇਕੱਠਾ ਬਿਤਾਉਣ ਦਾ ਆਨੰਦ ਲੈਣ ਦਾ ਮੌਕਾ ਮਿਲਿਆ।

ਕੁਆਡਮੈਸਟਰ 3 ਹੁਣ ਚੰਗੀ ਤਰ੍ਹਾਂ ਚਲ ਰਿਹਾ ਹੈ ਅਤੇ 22 ਅਪ੍ਰੈਲ ਨੂੰ ਖਤਮ ਹੋ ਜਾਵੇਗਾ। ਕੁਆਡਮੈਸਟਰ 4, 23 ਅਪ੍ਰੈਲ ਨੂੰ ਸ਼ੁਰੂ ਹੋਵੇਗਾ ਅਤੇ 28 ਜੂਨ ਨੂੰ ਖਤਮ ਹੋਵੇਗਾ।

ਵਰਚੂਅਲ ਸੈਕੰਡਰੀ ਸਕੂਲ ਵਿੱਚ ਵਿਦਿਆਰਥੀਆਂ ਅਤੇ ਸਟਾਫ ਦਾ ਚੰਗਾ ਕਰਦੇ ਰਹਿਣਾ ਜਾਰੀ ਹੈ ਅਤੇ ਹਰੇਕ ਬੀਤਦੇ ਮਹੀਨੇ ਦੇ ਨਾਲ ਅਸੀਂ ਕਲਾਸਰੂਮਾਂ ਵਿੱਚ ਸਿੱਖਣ ਦੇ ਨਵੇਂ ਅਤੇ ਰਚਨਾਤਮਕ ਮੌਕਿਆਂ ਅਤੇ ਗਤੀਵਿਧੀਆਂ ਦੇ ਵਾਪਰਨ ਬਾਰੇ ਸੁਣਦੇ ਹਾਂ।

ਹੋਰ ਜਾਣਕਾਰੀ ਅਤੇ ਅੱਪਡੇਟਾਂ ਲਈ, ਕਿਰਪਾ ਕਰਕੇ www.tdsb.on.ca/virtualschool 'ਤੇ ਜਾਓ ਅਤੇ ਟਵਿਟਰ 'ਤੇ @tdsbvs 'ਤੇ ਫਾਲੋ ਕਰੋ।

## ਕੋਵਿਡ ਵਿੱਚੋਂ ਨਜਿੱਠਣਾ

11 ਫਰਵਰੀ ਨੂੰ, ਮਾਤਾ-ਪਿਤਾ ਅਤੇ ਦੇਖਭਾਲ ਕਰਨ ਵਾਲੇ ਮਹਾਮਾਰੀ ਵਿੱਚੋਂ ਮਾਨਸਿਕ ਸਿਹਤ ਅਤੇ ਕੁਸ਼ਲਤਾ ਦਾ ਸਮਰਥਨ ਕਰਨ ਲਈ ਨਜਿੱਠਣ ਵਾਲੀਆਂ ਰਣਨੀਤੀਆਂ ਬਾਰੇ ਸਿੱਖਣ ਅਤੇ ਉਨ੍ਹਾਂ ਬਾਰੇ ਚਰਚਾ ਕਰਨ ਲਈ ਟੀਡੀਐਸਬੀ ਮਾਨਸਿਕ ਸਿਹਤ ਪੇਸ਼ੇਵਰਾਂ ਦੇ ਨਾਲ ਇਕੱਠੇ ਹੋਏ। ਇਸ ਲਾਈਵ ਕਾਰਜਕ੍ਰਮ ਨੂੰ ਮਿਸ ਕਰਨ ਵਾਲੇ ਲੋਕਾਂ ਲਈ, ਇੱਥੇ ਵੈਬਕਾਸਟ 'ਤੇ ਰਿਕਾਰਡਿੰਗ ਦੇਖੋ ।

## ਵਰਚੂਅਲ ਡਰੌਪ-ਇਨਜ਼ ਲਈ ਸਾਡੇ ਨਾਲ ਜੁੜੋ!

ਟੀਡੀਐਸਬੀ ਪ੍ਰੋਫੈਸ਼ਨਲ ਸਪੋਰਟ ਸਰਵਿਸਿਜ਼ ਤੋਂ ਸਟਾਫ ਦੇ ਨਾਲ ਸਿੱਧੇ ਜੁੜੋ। ਸਵਾਲ ਪੁੱਛੋ ਅਤੇ ਜਵਾਬ ਪ੍ਰਾਪਤ ਕਰੋ ਕਿ ਆਪਣੇ ਬੱਚੇ ਜਾਂ ਕਿਸ਼ੋਰ ਦੀ ਮਾਨਸਿਕ ਸਿਹਤ ਅਤੇ ਕੁਸ਼ਲਤਾ ਦਾ ਸਮਰਥਨ ਕਿਵੇਂ ਕਰਨਾ ਹੈ।

- ਮੰਗਲਵਾਰਾਂ ਨੂੰ, ਸਵੇਰੇ 10 ਵਜੇ ਤੋਂ 11 ਵਜੇ ਤੱਕ
- ਵੀਰਵਾਰਾਂ ਨੂੰ, ਸ਼ਾਮ 7 ਵਜੇ ਤੋਂ 8 ਵਜੇ ਤੱਕ

## ਵਿਦਿਆਰਥੀਆਂ ਅਤੇ ਮਾਤਾ-ਪਿਤਾ/ਦੇਖਭਾਲ ਕਰਨ ਵਾਲਿਆਂ ਦੇ ਲਈ ਨਿਊਕਮਰ ਸਪੋਰਟਸ

ਸੈਟਲਮੈਂਟ ਵਰਕਰਜ਼ ਇਨ ਸਕੂਲਜ਼ (SWIS), ਜਿਸ ਨੂੰ SEPT ਦੀ ਤਰ੍ਹਾਂ ਵੀ ਜਾਣਿਆ ਜਾਂਦਾ ਹੈ, ਸਕੂਲਾਂ ਦੇ ਸੈਟੇਲਾਈਟ ਅਤੇ ਰਿਸੈਪਸ਼ਨ ਸੈਂਟਰਾਂ ਵਿੱਚ ਨਵੇਂ ਆਏ ਪਰਿਵਾਰਾਂ ਅਤੇ ਸੈਕੰਡਰੀ ਸਕੂਲ ਵਿਦਿਆਰਥੀਆਂ ਲਈ ਸੈਟਲਮੈਂਟ ਸੇਵਾਵਾਂ ਪੇਸ਼ ਕਰਦੇ ਹਨ। ਸੈਟਲਮੈਂਟ ਵਰਕਰ ਵਿਅਕਤੀਗਤ/ਪਰਿਵਾਰਕ ਸੇਵਾਵਾਂ ਜਾਂ ਗਰੁੱਪ ਪ੍ਰੋਗਰਾਮ ਡਲਿਵਰ ਕਰਦੇ ਹਨ ਜਿਹੜੇ ਭਾਗ ਲੈਣ ਵਾਲਿਆਂ ਨੂੰ ਸਿੱਖਿਆ ਪ੍ਰਣਾਲੀ ਨੂੰ ਸਮਝਣ ਅਤੇ ਆਸਾਨੀ ਨਾਲ ਉਸ ਵਿੱਚ ਤਬਦੀਲ ਹੋਣ ਅਤੇ ਵੱਸਣ ਦੀ ਪ੍ਰਕਿਰਿਆ ਨੂੰ ਤੇਜ਼ ਕਰਨ ਵਿੱਚ ਸਹਾਇਤਾ ਕਰਦੇ ਹਨ।
ਸੈਟਲਮੈਂਟ ਸਪੋਰਟਸ ਲਈ, ਕਿਰਪਾ ਕਰਕੇ www.tdsb.on.ca/New-to-Canada/Settlement-Workers ਤੇ ਜਾਓ।

## ਮਾਰਚ ਬ੍ਰੇਕ ਦੀਆਂ ਤਰੀਕਾਂ ਵਿੱਚ ਤਬਦੀਲੀ

ਪਬਲਿਕ ਹੈਲਥ ਸਿਹਤ ਅਧਿਕਾਰੀਆਂ ਦੀ ਸਲਾਹ ਤੇ, ਸਿੱਖਿਆ ਮੰਤਰਾਲੇ ਨੇ ਕੋਵਿਡ-19 ਦੇ ਕਮਿਊਨਿਟੀ ਸੰਚਾਰ ਨੂੰ ਘਟਾਉਣ ਵਿੱਚ ਸਹਾਇਤਾ ਕਰਨ ਲਈ ਮਾਰਚ ਬ੍ਰੇਕ ਵਿੱਚ ਦੇਰੀ ਕੀਤੀ ਹੈ। ਹੁਣ ਬ੍ਰੇਕ **12-16 ਅਪ੍ਰੈਲ, 2021** ਲਈ ਤਹਿ ਹੈ।

## ਸੈਲਫ-ਸਰਵਿਸ ਪਾਸਵਰਡ ਰੀਸੈੱਟ

ਬੁੱਧਵਾਰ, 17 ਫਰਵਰੀ ਨੂੰ, IT ਨੇ ਨਵੇਂ ਸੈਲਫ-ਸਰਵਿਸ ਪਾਸਵਰਡ ਰੀਸੈੱਟ ਟੂਲ ਦੀ ਸ਼ੁਰੂਆਤ ਕੀਤੀ, ਜਿਹੜਾ ਵਰਚੂਅਲ ਸਕੂਲ ਦੇ ਸਟਾਫ ਅਤੇ ਵਿਦਿਆਰਥੀਆਂ ਨੂੰ ਆਪਣਾ ਖੁਦ ਦਾ ਟੀਡੀਐਸਬੀ ਪਾਸਵਰਡ ਜਲਦੀ ਅਤੇ ਆਸਾਨੀ ਨਾਲ ਰੀਸੈੱਟ ਕਰਨ ਦਿੰਦਾ ਹੈ।

ਇਸ ਪਹਿਲ ਦੀ ਸ਼ੁਰੂਆਤ ਦੇ 3 ਦਿਨਾਂ ਦੇ ਅੰਦਰ, ਸਟਾਫ ਅਤੇ ਵਿਦਿਆਰਥੀਆਂ ਵਿੱਚੋਂ 96% ਨੇ ਸੈਲਫ-ਸਰਵਿਸ ਪਾਸਵਰਡ ਰੀਸੈੱਟ ਟੂਲ ਲਈ ਸਫਲਤਾਪੂਰਵਕ ਰਜਿਸਟਰ ਕੀਤਾ ਹੈ।

ਚੰਗੀ ਖਬਰ ਇਹ ਹੈ, ਕਿ ਲਗਭਗ ਸਾਰਾ VSS ਸਟਾਫ ਅਤੇ ਵਿਦਿਆਰਥੀ ਹੁਣ ਲੌਗਇੰਨ ਕਰਨ ਦੇ ਸਥਾਨ, ਭਾਵੇਂ ਉਹ ਬਰਾਇਟਸਪੇਸ, ਜ਼ੂਮ, ਮਾਏਇਨਫੋ, ਆਦਿ ਹੈ, ਤੇ ਆਪਣੇ ਖੁਦ ਦੇ ਪਾਸਵਰਡ ਰੀਸੈੱਟ ਕਰਨ ਯੋਗ ਹੋਣਗੇ। ਸਟਾਫ/IT ਵਲੋਂ ਕਿਸੇ ਦਖਲ ਦੀ ਲੋੜ ਨਹੀਂ ਹੈ।

## ਟੀਡੀਐਸਬੀ ਅਫਰੀਕੀ ਵਿਰਾਸਤ ਮਹੀਨਾ ਮਨਾਉਂਦਾ ਹੈ

ਫਰਵਰੀ ਮਹੀਨੇ ਦੇ ਦੌਰਾਨ, ਟੋਰੋਂਟੋ ਡਿਸਟ੍ਰਿਕਟ ਸਕੂਲ ਬੋਰਡ ਅਫਰੀਕੀ ਵਿਰਾਸਤ ਮਹੀਨੇ ਨੂੰ ਮਾਨਤਾ ਦੇਣ ਅਤੇ ਉਸਦਾ ਜਸ਼ਨ ਮਨਾਉਣ ਵਿੱਚ ਮਾਣਮੱਤਾ ਹੈ। ਇਹ ਕੈਨੇਡਾ ਅਤੇ ਦੁਨੀਆ ਵਿੱਚ ਅਫਰੀਕੀ ਨਸਲ ਦੇ ਲੋਕਾਂ ਦੀਆਂ ਅਨੇਕ ਪ੍ਰਾਪਤੀਆਂ ਅਤੇ ਯੋਗਦਾਨਾਂ ਦਾ ਜਸ਼ਨ ਮਨਾਉਣ ਦਾ ਮੌਕਾ ਹੈ। 2020-2021 ਦੇ ਲਈ ਚੁਣਿਆ ਗਿਆ ਵਿਸ਼ਾ ***ਕੁਜੀਛਾਗੁਲੀਆ: ਆਤਮ ਨਿਰਧਾਰਣ* (Kujichagulia: Self Determination)** ਹੈ। ਹੋਰ ਜਾਣੋ।

## ਟੀਡੀਐਸਬੀ ਚੀਨੀ ਵਿਰਾਸਤ ਮਹੀਨਾ ਮਨਾਉਂਦਾ ਹੈ

ਫਰਵਰੀ ਮਹੀਨੇ ਦੇ ਦੌਰਾਨ, ਟੋਰੋਂਟੋ ਡਿਸਟ੍ਰਿਕਟ ਸਕੂਲ ਬੋਰਡ ਚੀਨੀ ਵਿਰਾਸਤ ਮਹੀਨੇ (CHM) ਨੂੰ ਮਾਨਤਾ ਦੇਣ ਵਿੱਚ ਮਾਣਮੱਤਾ ਹੈ। ਇਹ ਸਾਲ ***ਬੈਲ ਦਾ ਸਾਲ (Year of the Ox)*** *ਹੈ:* ***ਵਫ਼ਾਦਾਰ, ਇਮਾਨਦਾਰ, ਜ਼ਿੰਮੇਵਾਰ, ਮਿਹਨਤੀ ਅਤੇ ਤਰਕਸ਼ੀਲ***। ਲੂਨਰ ਨਿਊ ਯੀਅਰ ਨੂੰ ਬਸੰਤ ਦੇ ਤਿਉਹਾਰ ਦੀ ਤਰ੍ਹਾਂ ਵੀ ਜਾਣਿਆ ਜਾਂਦਾ ਹੈ ਅਤੇ ਇਹ ਲੂਨਰ ਕੈਲੰਡਰ ਦੇ ਪਹਿਲੇ ਚੰਨ ਦੇ ਨਾਲ ਸ਼ੁਰੂ ਹੁੰਦਾ ਹੈ ਅਤੇ 15 ਦਿਨ ਬਾਅਦ ਲੂਨਰ ਕੈਲੰਡਰ ਦੇ ਪਹਿਲੇ ਪੂਰੇ ਚੰਨ ਤੇ ਖਤਮ ਹੁੰਦਾ ਹੈ। ਹੋਰ ਜਾਣੋ।

## ਸਪੈਸ਼ਲ ਐਜੁਕੇਸ਼ਨ ਅਪਡੇਟ

ਵਰਚੂਅਲ ਸੈਕੰਡਰੀ ਸਕੂਲ (VSS) ਵਿੱਚ MID ਜਾਂ DD ISP ਕਲਾਸ ਪਲੇਸਮੈਂਟ ਵਿੱਚ ਰੁਚੀ ਰੱਖਣ ਵਾਲੇ ਪਰਿਵਾਰਾਂ ਨੂੰ, ਪਹਿਲਾਂ ਉਨ੍ਹਾਂ ਦੇ ਹੋਮਸਕੂਲ ਨਾਲ ਸੰਪਰਕ ਕਰਨਾ ਚਾਹੀਦਾ ਹੈ। ਹੋਮਸਕੂਲ ਪ੍ਰਸ਼ਾਸਨ ਦਾ ਇੱਕ ਮੈਂਬਰ ਵਰਚੂਅਲ ਸੈਕੰਡਰੀ ਸਕੂਲ ਦੇ ਸਪੈਸ਼ਲ ਐਜੁਕੇਸ਼ਨ ਵਿਭਾਗ ਦੇ ਪ੍ਰਿੰਸੀਪਲਾਂ ਵਿੱਚੋਂ ਇੱਕ ਦੇ ਨਾਲ ਸਪੰਰਕ ਕਰੇਗਾ। ਸਾਰੀਆਂ ਬੇਨਤੀਆਂ ਤੇ ਵਿਚਾਰ ਕੀਤਾ ਜਾਵੇਗਾ ਪਰ ਕਲਾਸ ਦੇ ਸਾਈਜ਼ ਸੰਬੰਧੀ ਸੀਮਾਵਾਂ ਅਤੇ ਗ੍ਰੇਡ ਲੈਵਲ ਦੇ ਅਧਾਰ ਤੇ ਸੀਮਿਤ ਹੋ ਸਕਦਾ ਹੈ।

ਹੋਮ ਸਕੂਲਾਂ ਨੂੰ ਹਾਜ਼ਰੀ ਸੰਬੰਧੀ ਮੁੱਦਿਆਂ, PSSP ਲਈ ਲੋੜ, ਅਤੇ ILPS ਅਤੇ IEPS ਦੇ ਵਿਕਾਸ ਨੂੰ ਸੰਬੋਧਿਤ ਕਰਨ ਲਈ VSS ਵਿੱਚ ਉਨ੍ਹਾਂ ਦੇ ਵਿਦਿਆਰਥੀਆਂ ਵਾਸਤੇ IST/SST ਮੀਟਿੰਗਾਂ ਕਰਨਾ ਜਾਰੀ ਰੱਖਣਾ ਚਾਹੀਦਾ ਹੈ।

1 ਮਾਰਚ, 2021 ਨੂੰ ਸ਼ਾਮ 7 ਵਜੇ ਅਗਲੀ ਸਪੈਸ਼ਲ ਐਜੁਕੇਸ਼ਨ ਅਡਵਾਈਜ਼ਰੀ ਕਮੇਟੀ ਮੀਟਿੰਗ ਵਿੱਚ ਸ਼ਾਮਲ ਹੋਵੋ। ਹੋਰ ਜਾਣੋ।

## ਵਰਚੂਅਲ ਲਾਇਬ੍ਰੇਰੀ ਸਾਧਨ

ਕੀ ਤੁਸੀਂ ਜਾਣਦੇ ਹੋ ਕਿ ਵਿਦਿਆਰਥੀ ਘਰੋਂ ਸਿੱਖਦੇ ਹੋਏ ਹੀ ਟੀਡੀਐਸਬੀ ਦੁਆਰਾ ਮੁਹੱਈਆ ਕੀਤੀਆਂ ਗਈਆਂ ਈਬੁੱਕਾਂ, ਐਨਸਾਈਕਲੋਪੀਡੀਆ, ਵੀਡੀਓ ਅਤੇ ਹੋਰ ਜਾਣਕਾਰੀ ਤੱਕ ਪਹੁੰਚ ਪ੍ਰਾਪਤ ਕਰ ਸਕਦੇ ਹਨ?

ਟੀਡੀਐਸਬੀ ਵਰਚੂਅਲ ਲਾਇਬ੍ਰੇਰੀ ਵਿੱਚ ਵਿਦਿਆਰਥੀਆਂ ਦੀ ਸਿਖਲਾਈ ਦਾ ਸਮਰਥਨ ਕਰਨ ਲਈ, ਧਿਆਨ ਨਾਲ ਚੁਣੇ ਗਏ ਡਿਜੀਟਲ ਸਾਧਨ ਹਨ ਜਿਨ੍ਹਾਂ ਤੱਕ ਕਿਸੇ ਵੀ ਵੇਲੇ, ਕਿਧਰੋਂ ਵੀ ਪਹੁੰਚ ਪ੍ਰਾਪਤ ਕੀਤੀ ਜਾ ਸਕਦੀ ਹੈ।

ਵਰਚੂਅਲ ਲਾਇਬ੍ਰੇਰੀ ਵਿਦਿਆਰਥੀਆਂ ਨੂੰ ਇਹ ਲੱਭਣ ਵਿੱਚ ਸਹਾਇਤਾ ਕਰਨ ਲਈ ਬਣਾਈ ਗਈ ਹੈ:

- ਪ੍ਰਾਜੈਕਟਾਂ, ਹੋਮਵਰਕ ਨਾਲ ਸਹਾਇਤਾ ਕਰਨ ਅਤੇ **ਕੇ ਤੋਂ 12 ਦੇ ਸਿਖਿਆਰਥੀਆਂ** ਵਾਸਤੇ ਵੱਖ ਵੱਖ ਫਾਰਮੈਟਾਂ ਵਿੱਚ ਪੜ੍ਹਨ ਅਤੇ ਦੇਖਣ ਨੂੰ ਉਤਸ਼ਾਹਤ ਕਰਨ ਲਈ **ਪਾਠਕ੍ਰਮ ਨਾਲ ਸੰਬੰਧਤ ਔਨਲਾਈਨ ਸਾਧਨ/ਟੂਲ** - ਈਬੁੱਕਾਂ, ਡਾਟਾਬੇਸ ਲੇਖ, ਸਟ੍ਰੀਮ ਕੀਤਾ ਜਾ ਰਿਹਾ ਮੀਡੀਆ ਅਤੇ ਔਨਲਾਈਨ ਟੂਲ (ਰੀਡ ਵੌਚ ਲਰਨ ਅਤੇ ਫਾਇੰਡ ਦੇਖੋ)
- ਖੋਜ, ਗਣਿਤ ਦੇ ਅਭਿਆਸ, ਖੇਡਾਂ, ਹੋਮਵਰਕ ਨਾਲ **ਸਹਾਇਤਾ ਲਈ ਵਿਸ਼ਿਆਂ ਸੰਬੰਧੀ ਲਿੰਕ** (ਫਾਇੰਡ ਦੇਖੋ)
- **ਪੁੱਛਗਿੱਛ** ਜਾਂ **ਖੋਜ ਪ੍ਰਾਜੈਕਟ** ਦੀ ਸ਼ੁਰੂਆਤ ਕਰਨ ਲਈ ਸਾਧਨ (ਇਨਕਵਾਏਰੀ ਅਤੇ ਫਾਇੰਡ ਦੇਖੋ)
- ਪੜ੍ਹਨ ਸੰਬੰਧੀ ਸੁਝਾਅ ਅਤੇ **ਵਿਦਿਆਰਥੀ ਕਿਤਾਬਾਂ ਦੀਆਂ ਸਮੀਖਿਆਵਾਂ** (ਰੀਡ ਅਤੇ ਜਸਟ ਰੀਡ ਇਟ ਦੇਖੋ)

ਵਰਚੂਅਲ ਲਾਇਬ੍ਰੇਰੀ ਨੂੰ www.tdsb.on.ca/library ਤੇ ਜਾਂ ਆਪਣੇ ਸਕੂਲ ਦੇ ਵੈੱਬਪੇਜ ਜਾਂ ਵਿਦਿਆਰਥੀ ਦੇ ਬਰਾਇਟਸਪੇਸ ਕਲਾਸਰੂਮ ਰਾਹੀਂ ਲੱਭੋ।

ਘਰ ਵਿੱਚ ਵਿਦਿਆਰਥੀਆਂ ਦੇ ਨਾਲ ਵਰਚੂਅਲ ਲਾਇਬ੍ਰੇਰੀ ਕਿਵੇਂ ਵਰਤਣੀ ਹੈ ਬਾਰੇ ਜਾਣਕਾਰੀ ਲਈ, ਖੱਬੇ ਟੂਲਬਾਰ ਤੇ ਪੇਰੈਂਟ (Parent) ਬਟਨ ਲੱਭੋ।

ਵਰਚੂਅਲ ਲਾਇਬ੍ਰੇਰੀ ਦੇ ਕਈ ਸਾਰੇ ਸਾਧਨਾਂ ਤੱਕ ਘਰੋਂ ਪਹੁੰਚ ਪ੍ਰਾਪਤ ਕਰਨ ਲਈ

ਕਿਰਪਾ ਕਰਕੇ ਆਪਣੇ ਬੱਚੇ ਦੇ ਅਧਿਆਪਕ ਕੋਲੋਂ ਵਰਚੂਅਲ ਲਾਇਬ੍ਰੇਰੀ ਪਾਸਵਰਡ ਇਨਫਰਮੇਸ਼ਨ ਪੇਜ ਮੰਗੋ।

## ਵਰਚੂਅਲ ਕੋ-ਔਪ ਪ੍ਰੋਗਰਾਮ

ਇਸ ਕਵਾਡ ਵਿਚ ਸਾਡੇ ਕੋਲ 300 ਤੋਂ ਵੱਧ ਵਿਦਿਆਰਥੀ ਇਕ 2-ਕ੍ਰੈਡਿਟ ਕੋ-ਔਪ ਪ੍ਰੋਗਰਾਮ ਵਿਚ ਹਿੱਸਾ ਲੈ ਰਹੇ ਹਨ, ਕਈ ਤਰ੍ਹਾਂ ਦੀਆਂ ਰੁਚੀਆਂ ਅਤੇ ਪਲੇਸਮੈਂਟ ਬੇਨਤੀਆਂ ਦੇ ਨਾਲ। ਅਧਿਆਪਕ ਵਿਦਿਆਰਥੀਆਂ ਨੂੰ ਵਰਚੂਅਲ ਤੌਰ ਤੇ ਪਲੇਸ ਕਰਨ ਵਿੱਚ ਕਾਮਯਾਬ ਰਹੇ ਹਨ, ਅਤੇ ਸਿਰਫ ਕੁਝ ਕੁ ਨਾਮ ਦੇਣ ਲਈ, ਉਹ ਦੰਦਾਂ ਦੇ ਡਾਕਟਰਾਂ, ਡਿਜੀਟਲ ਮਾਰਕਿਟਰਾਂ, ਐਲੀਮੈਂਟਰੀ ਕਲਾਸਰੂਮ ਅਧਿਆਪਕਾਂ, ਇੰਨਟੀਰੀਅਰ ਡਿਜ਼ਾਈਨਰਾਂ, ਸੌਫਟਵੇਅਰ ਟੈਸਟਰਾਂ, ਈਵੈਂਟ ਪਲੈਨਰਾਂ, ਆਰਕੀਟੈਕਟਾਂ ਅਤੇ ਲੌਂਗ-ਟਰਮ ਕੇਅਰ ਹੋਮਾਂ ਦੇ ਨਾਲ ਕੰਮ ਕਰ ਰਹੇ ਹਨ।

ਵਿਦਿਆਰਥੀ ਉਨ੍ਹਾਂ ਦੇ ਤਕਨਾਲੋਜੀ ਅਤੇ ਖੋਜ ਸੰਬੰਧੀ ਹੁਨਰਾਂ ਨੂੰ ਸੁਧਾਰਦੇ ਹੋਏ, ਵਰਚੂਅਲ ਵਾਤਾਵਰਨ ਵਿੱਚ ਕੰਮ ਕਰਨ ਵਾਲੀ ਦੁਨੀਆ ਬਾਰੇ ਸਿੱਖ ਰਹੇ ਹਨ। ਉਹ ਉਨ੍ਹਾਂ ਦੀ ਰੁਚੀ ਵਾਲੇ ਖੇਤਰ ਵਿੱਚ ਬਹੁਮੁੱਲੇ ਪੇਸ਼ੇਵਰ ਸੰਬੰਧ ਵੀ ਬਣਾ ਰਹੇ ਹਨ ਅਤੇ ਹਰ ਰੋਜ਼ ਆਪਣੇ ਬਾਰੇ ਵਧੇਰੇ ਖੋਜ ਕਰ ਰਹੇ ਹਨ!

## ਕੰਪਿਊਟਰ ਸਾਇੰਸ ਅਪਡੇਟ

ਕੰਪਿਊਟਰ ਸਾਇੰਸ ਵਿਭਾਗ ਨੇ ਕਵਾਡਮੈਸਟਰ 3 ਦੀ ਸ਼ੁਰੂਆਤ 20 ਤੋਂ ਵੱਧ ਕਲਾਸਾਂ ਅਤੇ ਦੁਨੀਆ ਭਰ ਵਿੱਚ ਪ੍ਰਸਿਧ ਵਾਟਰਲੂ ਕਨੇਡੀਅਨ ਕੰਪਿਊਟਿੰਗ ਕੰਪੀਟੀਸ਼ਨ (Waterloo Canadian Computing Competition), ਜਿਹੜਾ ਵਿਦਿਆਰਥੀਆਂ ਨੂੰ ਸਮੱਸਿਆਵਾਂ ਸੁਲਝਾਉਣ ਅਤੇ ਐਲਗੋਰਿਥਮ ਡੀਜ਼ਾਈਨ ਦੇ ਉਨ੍ਹਾਂ ਹੁਨਰਾਂ ਨੂੰ ਨਿਖਾਰਨ ਦਾ ਮੌਕਾ ਦਿੰਦਾ ਹੈ ਜਿਹੜੇ ਉਨ੍ਹਾਂ ਦੇ ਕਰੀਅਰਾਂ ਅਤੇ ਜੀਵਨਾਂ ਵਿੱਚ ਉਪਯੋਗੀ ਹੋਣਗੇ, ਦੇ ਲਈ ਤਿਆਰੀ ਕਰ ਰਹੇ ਅਨੇਕ ਵਿਦਿਆਰਥੀਆਂ ਅਤੇ ਅਧਿਆਪਕਾਂ ਦੇ ਨਾਲ ਕੀਤੀ।

ਸਾਨੂੰ ਮਾਣ ਹੈ ਕਿ 17 ਫਰਵਰੀ ਨੂੰ, 100 ਤੋਂ ਕੁਝ ਹੀ ਘੱਟ ਵਿਦਿਆਰਥੀਆਂ ਨੇ ਪ੍ਰਤਿਯੋਗਿਤਾ ਲਿਖੀ ਅਤੇ ਤਿਆਰੀ ਨੂੰ ਅਨੇਕ ਕੰਪਿਊਟਰ ਸਾਇੰਸ ਕਲਾਸਾਂ ਅਤੇ ਕੰਪਿਊਟਰ ਕਲੱਬ ਵਿੱਚ ਸ਼ਾਮਲ ਕੀਤਾ ਗਿਆ ਸੀ। ਪ੍ਰਤਿਯੋਗਿਤਾ ਤੋਂ ਪਰ੍ਹੇ, ਵਿਦਿਆਰਥੀ ਅਸਲ ਦੁਨੀਆ ਦੀਆਂ ਪ੍ਰੋਗਰਾਮਿੰਗ ਭਾਸ਼ਾਵਾਂ ਜਿਵੇਂ ਕਿ ਜਾਵਾ, ਪਾਏਥਨ ਅਤੇ ਜਾਵਾਸਕ੍ਰਿਪਟ ਵਿੱਚ ਸਮੱਸਿਆਵਾਂ ਕਿਵੇਂ ਸੁਲਝਾਉਣੀਆਂ ਦੇ ਨਾਲ ਕੁਝ ਗੇਮ ਡੀਜ਼ਾਈਨ ਅਤੇ ਡੇਵੇਲਪਮੈਂਟ ਸਿੱਖਦੇ ਆ ਰਹੇ ਹਨ। ਅਸੀਂ ਸਕੂਲੀ ਸਾਲ ਦੇ ਦੂਸਰੇ ਹਿੱਸੇ ਵਿੱਚ ਵਿਦਿਆਰਥੀਆਂ ਨੂੰ ਵਾਸਤਵਿਕ ਸਮੱਸਿਆਵਾਂ ਲਈ ਨਵੀਨਤਾਕਾਰੀ ਹੱਲ ਲੱਭਣਾ ਜਾਰੀ ਰੱਖਣ ਵਿੱਚ ਸਹਾਇਤਾ ਕਰਨ ਦੀ ਉਮੀਦ ਕਰਦੇ ਹਾਂ!

## VSS ਬਲੈਕ ਸਟੂਡੇਂਟ ਅਲਾਇੰਸ (BSA)

VSS ਬਲੈਕ ਸਟੂਡੇਂਟ ਅਲਾਇੰਸ ਵਿਦਿਆਰਥੀਆਂ VSS ਦੀ ਉਸ ਪਹਿਲ ਦੇ ਨਾਲ ਫੌਲ 2020 ਵਿੱਚ ਸ਼ੁਰੂ ਹੋਈ ਜਿਹੜੇ ਅਧਿਆਪਕਾਂ ਦੇ ਨਾਲ ਜੁੜੇ ਕਿਉਂਕਿ ਉਹ ਬਲੈਕ ਹਿਸਟਰੀ ਮੰਥ ਅਸੈਂਬਲੀ ਚਾਹੁੰਦੇ ਸਨ। ਵਿਦਿਆਰਥੀਆਂ ਦੀ ਆਵਾਜ਼ ਅਤੇ ਹਿਮਾਇਤ ਨੂੰ ਵਰਤੇ ਜਾਣ ਨੇ BSA ਦੀ ਸਿਰਜਨਾ ਨੂੰ ਯੋਗ ਬਣਾਇਆ ਹੈ ਜਿਥੇ ਅਧਿਆਪਕ ਸਲਾਹਕਾਰਾਂ ਨੇ ਗੂਗਲ ਕਲਾਸਰੂਮ ਵਰਤਦੇ ਹੋਏ BSA ਕਮਿਊਨਿਟੀ ਬਣਾਉਣ ਲਈ ਵਿਦਿਆਰਥੀਆਂ ਦੇ ਨਾਲ ਕੰਮ ਕੀਤਾ ਹੈ, ਜਿਸ ਵਿੱਚ ਮੌਜੂਦਾ ਸਮੇਂ ਤੇ 100 ਤੋਂ ਵੱਧ ਵਿਦਿਆਰਥੀ ਮੈਂਬਰ ਹਨ।

BSA ਸਿਖਿਆਰਥੀਆਂ ਦੀ ਇੱਕ ਜੀਵੰਤ ਸੰਸੰਥਾ (ਜਿਸ ਵਿੱਚ VSS ਵਿਦਿਆਰਥੀ, ਅਧਿਆਪਕ ਅਤੇ ਪ੍ਰਸ਼ਾਸਕ ਸ਼ਾਮਲ ਹਨ) ਦੇ ਰੂਪ ਵਿੱਚ ਵਿਕਸਿਤ ਹੋਈ ਹੈ। ਸਾਡੇ BSA ਵਿਦਿਆਰਥੀਆਂ ਵਿੱਚੋਂ ਇੱਕ, ਟਿਯਾਨਾ ਅਲਵਾਰੈਡੋ-ਰੇਨੀ (Tiyana Alvarado-Rennie), ਨੇ ਸਾਰੇ ਟੀਡੀਐਸਬੀ ਦੀ ਜ਼ੂਮ ਮੀਟਿੰਗ ਅਤੇ ਪੇਸ਼ਕਸ਼ ਦੌਰਾਨ ਉਸਦੇ ਅਨੁਭਵ ਸਾਂਝੇ ਕੀਤੇ: *ਅਫਰੀਕਨ ਹੈਰੀਟੇਜ ਮੰਥ BSA ਫੋਰਮ: ਹਾਓ ਟੂ ਸਟਾਰਟ ਏ ਵਰਚੂਅਲ ਬਲੈਕ ਸਟੂਡੇਂਟ ਅਲਾਇੰਸ* (*African Heritage Month BSA Forum: How to start a Virtual Black Student Alliance*)। VSS BSA ਨੇ ਇੱਕ ਵੈੱਬਸਾਈਟ ਵੀ ਸ਼ੁਰੂ ਕੀਤੀ ਹੈ ਜਿਹੜੀ ਵਿਦਿਆਰਥੀਆਂ ਨੂੰ ਜਾਣਕਾਰੀ, ਵਿਦਿਆਰਥੀਆਂ ਦੁਆਰਾ ਨਿਰਮਿਤ ਵੀਡੀਓ, ਪ੍ਰੋਗਰਾਮ ਅਤੇ ਪੌਡਕਾਸਟ ਸਾਂਝੇ ਕਰਨ ਲਈ ਉਤਸ਼ਾਹਤ ਕਰਦੀ ਹੈ: https://sites.google.com/tdsb.on.ca/vss-black-student-alliance/home।

ਟਿਯਾਨਾ ਨੇ https://sites.google.com/student.tdsb.on.ca/virtualschoolblackhistorymonth/home ਤੇ ਇੱਕ ਵਿਦਿਆਰਥੀ ਫੋਰਮ ਵੀ ਬਣਾਇਆ ਹੈ।

BSA ਵਿਦਿਆਰਥੀਆਂ ਨੇ ਈਵੈਂਟਸ ਟੀਮ, ਅਨਾਉਂਸਮੈਂਟ ਟੀਮ ਅਤੇ ਅਸੈਂਬਲੀ ਟੀਮ ਵਰਗੀਆਂ ਕਮੇਟੀਆਂ ਤੇ VSS ਵਾਤਾਵਰਨ ਵਿੱਚ ਅਗਵਾਈ ਸੰਬੰਧੀ ਹੁਨਰ ਪ੍ਰਾਪਤ ਕੀਤੇ ਹਨ। ਸਾਰੇ ਸਕੂਲੀ ਸਾਲ ਦੌਰਾਨ BSA ਦੀਆਂ ਕੋਸ਼ਿਸ਼ਾਂ ਵਿੱਚ ਨਿਰੰਤਰ ਮੀਟਿੰਗਾਂ ਅਤੇ ਚਰਚਾਵਾਂ, ਮਹਿਮਾਨ ਸਪੀਕਰ, ਪੇਸ਼ਕਾਰੀਆਂ ਅਤੇ ਹੋਰ ਪਹਿਲਾਂ

ਸ਼ਾਮਲ ਹੋਣਗੀਆਂ, ਜਿਹੜੀਆਂ ਬਲੈਕ-ਵਿਰੋਧੀ (anti-Black) ਨਸਲਵਾਦ ਨੂੰ ਚੁਣੌਤੀ ਦੇਣਗੀਆਂ ਅਤੇ ਬਰਾਬਰੀ, ਸਮਾਵੇਸ਼, ਅਤੇ ਬਲੈਕ ਉੱਤਮਤਾ ਅਤੇ ਵਿਦਿਆਰਥੀ ਸਫਲਤਾ, ਵਿਦਿਆਰਥੀਆਂ ਦੀ ਆਵਾਜ਼ ਅਥੇ ਹਿਮਾਇਤ ਪ੍ਰਤੀ ਟੀਡੀਐਸਬੀ ਦੀ ਵਚਨਬੱਧਤਾ ਨੂੰ ਅਗੇ ਵਧਾਉਣ ਵਿੱਚ ਸਹਾਇਤਾ ਕਰਨਗੀਆਂ। BSA ਬਲੈਕ ਪਛਾਣਾਂ ਦੀਆਂ ਅਨੇਕ ਇੰਟਰਸੈਕਸ਼ਨੈਲਟੀਜ਼ (intersectionalities) ਦਾ ਸਮਰਥਨ ਅਤੇ ਪੜਚੋਲ ਕਰਨਾ ਵੀ ਜਾਰੀ ਰੱਖੇਗੀ।

BSA ਘੱਟ ਨੁਮਾਇੰਦਗੀ ਵਾਲੀਆਂ ਆਵਾਜ਼ਾਂ ਦੇ ਲਈ ਇੱਕ ਭਾਈਵਾਲ ਵੀ ਹੈ। ਹਾਲ ਹੀ ਵਿੱਚ ਅਸੀਂ VSS GSA ਦੇ ਨਾਲ, ਲੀਰੋਏ ਨਿਊਬੋਲਡ (LeRoi Newbold) ਅਤੇ ਟਵਿਸਟਿਡ ਮਿਯਾਕੇ- ਮੁਗਲੇਰ (Twsyed Miyake-Mugler) ਦੇ ਨਾਲ ਇੱਕ ਲੰਚਟਾਈਮ ਪ੍ਰੋਗਰਾਮ, “ਬਲੈਕ ਕਵੀਅਰ ਐਂਡ ਟ੍ਰਾਂਸ ਹਿਸਟਰੀ” ਲਈ ਭਾਗੀਦਾਰੀ ਕੀਤੀ ਹੈ, ਜਿਸ ਨੇ ਬਲੈਕ ਕਵੀਅਰ ਅਤੇ ਟ੍ਰਾਂਸ ਇਤਿਹਾਸ, ਸਭਿਆਚਾਰ ਅਤੇ ਨਾਚ ਦੇ ਵਿੱਚ ਦੇ ਸੰਬੰਧਾਂ ਬਾਰੇ ਚਰਚਾ ਕੀਤੀ।

VSS BSA ਬਲੈਕ ਵਿਦਿਆਰਥੀਆਂ ਨੂੰ ਕਾਬਲ ਬਣਾਉਣਾ ਅਤੇ ਅਜਿਹੀਆਂ ਵੱਧ ਸੰਮਲਿਤ ਕਰਨ ਵਾਲੀਆਂ ਥਾਵਾਂ ਸਿਰਜਣ ਲਈ ਕੰਮ ਕਰਨਾ ਜਾਰੀ ਰੱਖੇਗੀ ਜਿਹੜੀਆਂ ਵਰਚੂਅਲ ਸਕੂਲ ਵਾਤਾਵਰਨ ਵਿੱਚ ਬਲੈਕ ਵਿਦਿਆਰਥੀਆਂ ਵਿੱਚ ਵਿਦਿਆਰਥੀ ਅਗਵਾਈ, ਆਵਾਜ਼ ਅਤੇ ਹਿਮਾਇਤ ਦਾ ਨਿਰਮਾਣ ਕਰਨਗੀਆਂ।

## VSS ਜੈਂਡਰ ਐਂਡ ਸੇਕਸੂਐਲਿਟੀ ਅਲਾਇੰਸ

ਦ ਵਰਚੂਅਲ ਸਕੂਲ ਜੈਂਡਰ ਐਂਡ ਸੇਕਸੂਐਲਿਟੀ ਅਲਾਇੰਸ (VSS GSA) ਦਾ ਵਿਦਿਆਰਥੀਆਂ ਦੇ ਲਈ ਮੌਕੇ ਪੇਸ਼ ਕਰਨਾ ਜਾਰੀ ਹੈ। ਅਸੀਂ 2020 ਦਾ ਅੰਤ ਇੱਕ ਵਿੰਟਰ-ਵੌਰਮ ਅਪ ਗੈਦਰਿੰਗ ਦੇ ਨਾਲ ਅਤੇ 2021 ਦੀ ਸ਼ੁਰੂਆਤ ਇੱਕ ਵੈਲਕਮ ਬੈਕ ਮੀਟਿੰਗ ਦੇ ਨਾਲ ਕੀਤੀ। ਉਸ ਤੋਂ ਬਾਅਦ ਅਸੀਂ ਪਲੈਂਨਡ ਪੇਰੈਂਟਹੁੱਡ ਟੋਰੋਂਟੋ ਤੋਂ ਇੱਕ ਮਹਿਮਾਨ ਦੇ ਨਾਲ ਇੱਕ ਸੈਕਸ ਏਡ ਸਵਾਲ ਅਤੇ ਜਵਾਬ ਸੈਸ਼ਨ ਵੀ ਆਯੋਜਿਤ ਕੀਤਾ ਹੈ।

ਸਾਡੇ ਕੋਲ GSA ਦੇ ਅੰਦਰ 11 ਕਿਰਿਆਸ਼ੀਲ ਸਮੂਹ ਹਨ ਜੋ ਅਵਿਸ਼ਵਾਸਨੀ ਕੰਮ ਕਰ ਰਹੇ ਹਨ ਅਤੇ ਉਨ੍ਹਾਂ ਦਾ ਹਫ਼ਤੇਵਾਰ ਮਿਲਣਾ ਜਾਰੀ ਹੈ। ਆਰਟ ਗਰੁੱਪ ਕਲੱਬ ਦੇ ਲਈ ਪੋਸਟਰਾਂ, ਲੋਗੋ ਅਤੇ ਟੀ-ਸ਼ਰਟਾਂ ਬਣਾਉਣ ਸਮੇਤ ਕਈ ਪ੍ਰਾਜੈਕਟਾਂ ਤੇ ਕੰਮ ਕਰ ਰਿਹਾ ਹੈ। ਡਿਸਅਬਿਲਿਟੀ ਸਟੂਡੇਂਟ ਗਰੁੱਪ ਵਿੱਚ, ਵਿਦਿਆਰਥੀਆਂ ਨੂੰ ਏਬਲਿਜ਼ਮ (ableism) ਨੂੰ ਅਨਪੈਕ ਕਰਨ ਲਈ ਸਮਰਥਕ ਵਾਤਾਵਰਨ ਮਿਲਦਾ ਹੈ। ਦ ਫੇਥ/ਰਿਲੀਜਨ ਗਰੁੱਪ ਧਰਮ ਅਤੇ ਵਿਵਿਧ ਲਿੰਗੀ ਅਤੇ ਲਿੰਗਕ ਪਛਾਣਾਂ ਦੇ ਨਾਲ ਉਨ੍ਹਾਂ ਦੇ ਧਾਰਮਿਕ ਅਮਲਾਂ ਦੇ ਇੰਟਰਸੈਕਸ਼ਨਾਂ ਬਾਰੇ ਚਰਚਾ ਕਰਨ ਲਈ ਸੁਰੱਖਿਅਤ ਅਤੇ ਸਨੇਹੀ ਥਾਵਾਂ ਵਾਸਤੇ ਲੋੜ ਦੀ ਪੜਚੋਲ ਕਰ ਰਹੇ ਹਨ।

ਦ ਫੇਮ ਗਰੁੱਪ ਉਨ੍ਹਾਂ ਦੀਆਂ ਰੁਚੀਆਂ ਅਤੇ ਤਜਰਬਿਆਂ ਨੂੰ ਸਾਂਝਾ ਕਰਨ ਲਈ ਸਾਰੇ ਫੇਮ ਵਿਦਿਆਰਥੀਆਂ ਵਾਸਤੇ ਸਮੂਹ ਹੈ। ਦ ਕਵੇਸਚਨਿੰਗ ਗਰੁੱਪ ਅਜਿਹੀ ਜਗ੍ਹਾ ਹੈ ਜਿਥੇ ਵਿਦਿਆਰਥੀਆਂ ਨੂੰ ਆਪਣੇ ਆਪ ਤੇ ਲੇਬਲ ਕਰਨ ਦੀ ਲੋੜ ਨਹੀਂ ਹੁੰਦੀ। ਸਟੂਡੇਂਟਸ ਔਫ ਕਲਰ ਗਰੁੱਪ ਵਿੱਚ, ਵਿਦਿਆਰਥੀ ਚਰਚਾ ਦੇ ਹਫ਼ਤੇਵਾਰ ਵਿਸ਼ੇ ਚੁਣਦੇ ਹਨ ਅਤੇ ਕਮਿਊਨਿਟੀ ਦਾ ਨਿਰਮਾਣ ਕਰਨ ਅਤੇ ਸਾਧਨ ਸਾਂਝੇ ਕਰਨ ਦੇ ਕਾਬਲ ਹੁੰਦੇ ਹਨ। ਦ ਟ੍ਰਾਂਸ/ਨੌਨ-ਬਾਏਨਰੀ/ਜੈਂਡਰਕਵੀਅਰ ਗਰੁੱਪ ਉਨ੍ਹਾਂ ਤਬਦੀਲੀਆਂ ਬਾਰੇ ਚਰਚਾ ਕਰ ਰਹੇ ਹਨ ਜਿਹੜੀਆਂ ਉਹ ਵਰਚੂਅਲ ਸਕੂਲ ਵਿੱਚ ਦੇਖਣਾ ਚਾਹੁਣਗੇ।

ਦ ਵੈਲਨੈਸ ਗਰੁੱਪ ਵਿਦਿਆਰਥੀਆਂ ਨੂੰ ਵਰਚੂਅਲ ਸਕੂਲ, ਕੋਵਿਡ-19 ਅਤੇ ਕਵੀਅਰ ਅਤੇ ਟ੍ਰਾਂਸਫੋਬੀਆਂ ਦੇ ਤਣਾਅ ਵਿੱਚੋਂ ਲੰਘਣ ਵਾਸਤੇ ਹੁਨਰ ਨਿਰਮਿਤ ਕਰਨ ਵਿੱਚ ਸਹਾਇਤਾ ਕਰਦਾ ਹੈ। ਦ ਗੇਮਿੰਗ ਗਰੁੱਪ ਇੱਕ ਆਲਟਰਨੇਟ ਰਿਐਲਿਟੀ ਗੇਮ (ARG) ਤੇ ਕੰਮ ਕਰ ਰਿਹਾ ਹੈ, ਜਿਸ ਵਿੱਚ ਸੰਗੀਤਕ ਹਿੱਸੇ ਸ਼ਾਮਲ ਹਨ। ਅੰਤ ਵਿਚ, ਦ ਕਾਰਜਸ਼ੀਲਤਾ (activism) ਗਰੁੱਪ ਨੇ ਖਾਸ ਮਹਿਮਾਨਾਂ, ਲੀਰੋਏ ਨਿਊਬੋਲਡ (LeRoi Newbold) ਅਤੇ ਟਵਿਸਟਿਡ ਮਿਆਕੇ-ਮੁਗਲੇਰ (Twysted Miyake-Mugler) ਦੇ ਨਾਲ ਬਲੈਕ ਕਵੀਅਰ ਅਤੇ ਟ੍ਰਾਂਸ ਹਿਸਟਰੀ ਬਾਰੇ ਬਲੈਕ ਹਿਸਟਰੀ ਮੰਥ ਵਿੱਚ ਇੱਕ ਪੇਸ਼ਕਸ਼ ਤਿਆਰ ਕੀਤੀ।

VSS GSA ਦੀਆਂ ਬਾਕੀ ਦੇ ਸਾਲ ਦੇ ਲਈ ਵੱਡੀਆਂ ਯੋਜਨਾਵਾਂ ਹਨ ਜਿਸ ਵਿੱਚ ਟੂ-ਸਪਿਰਿਟ ਹੋਣ ਦਾ ਕੀ ਮਤਲਬ ਹੈ ਬਾਰੇ ਇੱਕ ਵਰਕਸ਼ਾਪ ਅਤੇ ਜੂਨ ਵਿੱਚ ਇੱਕ ਵਰਚੂਅਲ ਪ੍ਰਾਈਡ ਵੀਕ ਸ਼ਾਮਲ ਹਨ! ਸਾਡੀ ਵੈੱਬਸਾਈਟ ਤੇ ਹੋਰ ਜਾਣੋ ਜਾਂ ਸ਼ੋਸਲ ਮੀਡੀਆ ਤੇ ਸਾਨੂੰ ਫਾਲੋ-ਕਰੋ
https://sites.google.com/tdsb.on.ca/vssgsa,
@VSS_GSA (Twitter) and @vss.gsa (Instagram)।

## ਟੋਰੋਂਟੋ ਕਮਿਊਨਿਟੀ ਹਾਊਸਿੰਗ: ਇਨਵੇਸਟਿੰਗ ਇਨ ਅਵਰ ਡਾਈਵਰਸਿਟੀ ਸਕਾਲਰਸਿਪ ਪ੍ਰੋਗਰਾਮ (Investing in Our Diversity Scholarship Program)

ਕੀ ਤੁਸੀਂ ਇਸ ਸਾਲ ਗ੍ਰੈਜੁਏਟ ਕਰ ਰਹੇ ਹੋ? ਪੋਸਟਸੈਕੰਡਰੀ ਸਕੂਲ ਲਈ ਧਨ ਦੀ ਲੋੜ ਹੈ? ਟਿਊਸ਼ਨ, ਕਿਤਾਬਾਂ, ਭੋਜਨ ਅਤੇ ਆਵਾਜਾਈ ਦੇ ਖਰਚਿਆਂ ਦੇ ਵਿਚਕਾਰ, ਅਨੇਕ ਵਿਦਿਆਰਥੀਆਂ ਦੇ ਲਈ ਪੋਸਟਸੈਕੰਡਰੀ ਸਕੂਲ ਦੀ ਲਾਗਤ ਨੂੰ ਕਵਰ ਕਰਨ ਵਾਸਤੇ ਧਨ ਲੱਭਣਾ ਮੁਸ਼ਕਲ ਹੋ ਸਕਦਾ ਹੈ।

ਅੱਜ ਹੀ ਇਨਵੇਸਟਿੰਗ ਇਨ ਅਵਰ ਡਾਇਵਰਸਿਟੀ ਸਕਾਲਰਸਿਪ ਪ੍ਰੋਗਰਾਮ (IIOD) ਲਈ ਅਪਲਾਈ ਕਰੋ ਅਤੇ ਤੁਸੀਂ ਫੁੱਲ-ਟਾਈਮ ਪੋਸਟਸੈਕੰਡਰੀ ਸਿੱਖਿਆ ਜਾਂ ਸਿਖਲਾਈ ਲਈ ਟਿਊਸ਼ਨ ਫੀਸ ਅਤੇ ਸਕੂਲ-ਸੰਬੰਧੀ ਖਰਚਿਆਂ ਨੂੰ ਕਵਰ ਕਰਨ ਲਈ $4,000 ਤੱਕ ਜਿੱਤ ਸਕਦੇ ਹੋ।

ਹੋਰ ਜਾਣਕਾਰੀ ਲਈ, ਕਿਰਪਾ ਕਰਕੇ

https://www.torontohousing.ca/iiods ਤੇ ਜਾਓ।